9

# ਸਲੀਬ ਅਤੇ ਕਲੀਸੀਆ

ਨਵੇਂ ਨੇਮ ਦੀ ਧਾਰਣਾ ਕਿ ਮਸੀਹ ਨੇ ਸਾਡੇ ਪਾਪਾਂ ਦਾ ਮੁੱਲ ਭਰ ਦਿੱਤਾ ਹੈ, ਤੋਂ ਵਾਕਫ਼ ਲੋਕ ਸਹਿਮਤ ਹੋਣਗੇ ਕਿ ''ਮਸੀਹ ਸਲੀਬ ਦੇ ਬਿਨਾਂ ਪਾਪੀਆਂ ਨੂੰ ਬਚਾਉਣ ਲਈ ਉਵੇਂ ਹੀ ਸ਼ਕਤੀਹੀਣ ਹੋਵੇਗਾ ਜਿਵੇਂ ਸਲੀਬ ਮਸੀਹ ਦੇ ਬਿਨਾਂ ਹੈ।'' ਪਰ ਇੰਜੀਲ ਦੀ ਖ਼ੁਸ਼ਖਬਰੀ ਇਹ ਹੈ ਕਿ ਮਸੀਹ ਅਰਥਾਤ ਪ੍ਰਮੇਸ਼ਵਰ ਦੇ ਚੁਣੇ ਹੋਏ ਨੇ ਪਾਪੀਆਂ ਲਈ ਆਪਣਾ ਸਰੀਰਕ ਜੀਵਨ ਸਲੀਬ ਉੱਤੇ ਦੇ ਦਿੱਤਾ (1 ਕੁਰਿੰਥੀਆਂ 15:3)।

ਬਾਈਬਲ ਦੀ ਕਹਾਣੀ ਦਾ ਸਾਰ ਮਨੁੱਖ ਲਈ ਸਲੀਬ ਉੱਤੇ ਪ੍ਰਮੇਸ਼ਵਰ ਦੇ ਪੁੱਤਰ ਦਾ ਬਲੀਦਾਨ ਹੈ। ਪੁਰਾਣੇ ਨੇਮ ਦੇ ਸਫ਼ੇ, ਇਸ ਦੀਆਂ ਭਵਿੱਖਬਾਣੀਆਂ ਨਾਲ, ਅਤੇ ਨਵੇਂ ਨੇਮ ਦੇ ਸਫ਼ੇ, ਇਸ ਦੀ ਇਤਿਹਾਸਕ ਸੱਚਾਈ ਨਾਲ, ਮਸੀਹ ਦੇ ਲਹੂ ਵਿਚ ਭਿੱਜੇ ਹੋਏ ਹਨ। ਹੈਨਰੀ ਸੀ. ਥਿਅਸਨ ਨੇ ਹਿਸਾਬ ਲਗਾਇਆ ਸੀ ਕਿ ਯਿਸੂ ਦੇ ਜੀਵਨ ਦੇ ਆਖ਼ਰੀ ਤਿੰਨ ਦਿਨਾਂ ਦੇ ਵਰਣਨ ਨਾਲ ਹੀ ਇੰਜੀਲ ਦੀਆਂ ਕਿਤਾਬਾਂ ਦਾ ਲਗਭਗ ਪੰਜਵਾਂ ਹਿੱਸਾ ਭਰਿਆ ਹੋਇਆ ਹੈ। ਜੇ ਯਿਸੂ ਦੀ ਸੇਵਕਾਈ ਦੇ ਸਾਢੇ ਤਿੰਨ ਸਾਲਾਂ ਬਾਰੇ ਉਹਦੀ ਮੌਤ ਵਾਂਗ ਹੀ ਵਿਸਤਾਰ ਨਾਲ ਲਿਖਿਆ ਜਾਂਦਾ ਤਾਂ ਇੰਜੀਲ ਦੇ ਸਫ਼ਿਆਂ ਦੀ ਗਿਣਤੀ 8,400 ਤਕ ਪੁੱਜ ਸਕਦੀ ਸੀ।[1]

ਆਰ. ਏ. ਟੋਰੇ ਦਾ ਅੰਦਾਜ਼ਾ ਹੈ ਕਿ ਨਵੇਂ ਨੇਮ ਦੀਆਂ 53 ਆਇਤਾਂ ਵਿੱਚੋਂ 1 ਵਿਚ ਮਸੀਹ ਦੀ ਮੌਤ[2] ਦਾ ਉਚੇਚਾ ਜ਼ਿਕਰ ਕੀਤਾ ਗਿਆ ਹੈ। ਦੁਨੀਆਂ ਵਿਚ ਮਸੀਹੀਅਤ ਹੀ ਇਕ ਅਜਿਹਾ ਧਰਮ ਹੈ ਜੋ ਪਾਪ ਦੇ ਲਈ ਰੂਹਾਨੀ ਕੁਰਬਾਨੀ ਅਤੇ ਉਸ ਕੁਰਬਾਨੀ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਤੇ ਅਧਾਰਤ ਹੈ।

ਪਾਪ ਅਤੇ ਪਾਪੀਆਂ, ਅਪਰਾਧ ਅਤੇ ਬੁਰਿਆਈ, ਤਲਾਕ ਅਤੇ ਕਲੇਸ਼ ਦੀ ਇਸ ਦੁਨੀਆਂ ਵਿਚ, ਸਲੀਬ ਮੁਕਤੀ ਲਈ ਪ੍ਰਮੇਸ਼ਵਰ ਦੀ ਸਮਰੱਥਾ ਹੈ; ਸੰਸਾਰ ਦੀ ਬੁਨਿਆਦੀ ਮੁਸ਼ਕਲ ਦਾ ਇਹ ਇਲਾਹੀ ਹੱਲ ਹੈ। ਉਹ ਸਾਡੇ ਪਾਪਾਂ ਦਾ ਪ੍ਰਾਸ਼ਚਿਤ ਹੈ-ਭਾਵ, ਜਿਹੜੇ ਪਾਪ ਅਸਾਂ ਕੀਤੇ ਸਨ, ਉਨ੍ਹਾਂ ਦੀ ਸਜ਼ਾ ਉਹਨੇ ਆਪਣੇ ਉੱਤੇ ਲੈ ਕੇ ਸਾਡਾ ਮੇਲ ਪ੍ਰਮੇਸ਼ਵਰ ਦੇ ਨਾਲ ਕਰਾ ਦਿੱਤਾ ਹੈ। ਬਾਈਬਲ ਵਿਚ ਲਿਖਿਆ ਹੈ, ''ਸਲੀਬ ਦੀ ਕਥਾ ਤਾਂ ਉਨ੍ਹਾਂ ਦੇ ਭਾਣੇ ਜਿਹੜੇ ਨਾਸ ਹੋ ਰਹੇ ਹਨ ਮੂਰਖਤਾਈ ਹੈ ਪਰੰਤੂ ਸਾਡੇ ਭਾਣੇ ਜਿਹੜੇ ਬਚਾਏ ਜਾਂਦੇ ਹਾਂ ਉਹ ਪ੍ਰਮੇਸ਼ਵਰ ਦੀ ਸ਼ਕਤੀ ਹੈ'' (1 ਕੁਰਿੰਥੀਆਂ 1:18); ''ਅਤੇ ਉਹ ਸਾਡੇ ਪਾਪਾਂ ਦਾ ਪ੍ਰਾਸ਼ਚਿਤ ਹੈ ਪਰ ਨਿਰ੍ਹੇ ਸਾਡਿਆਂ ਹੀ ਨਹੀਂ ਸਗੋਂ ਸਾਰੇ ਸੰਸਾਰ ਦਾ ਵੀ ਹੈ'' (1 ਯੂਹੰਨਾ 2:2)।

ਸਾਡੇ ਆਤਮਿਕ ਝਗੜੇ ਨੂੰ, ਜਿਸ ਕਾਰਣ ਅਸੀਂ ਪ੍ਰਮੇਸ਼ਵਰ ਤੋਂ ਦੂਰ ਹੋ ਗਏ ਸਾਂ ਭਾਵ ਸਾਡੀ ਉਸ ਨਾਲ ਅਣਬਣ ਹੋ ਗਈ ਸੀ, ਮਿਟਾ ਕੇ ਮੇਲ ਅਤੇ ਸੁਲ੍ਹਾ ਕਰਨ ਲਈ ਸਲੀਬ

ਪ੍ਰਮੇਸ਼ਵਰ ਦਾ ਹਥਿਆਰ ਹੈ। ਪੌਲੁਸ ਲਿਖਦਾ ਹੈ ਕਿ ਪ੍ਰਮੇਸ਼ਵਰ ਨੇ ''ਉਸ ਦੀ ਸਲੀਬ ਦੇ ਲਹੂ ਦੇ ਵਸੀਲੇ ਮੇਲ ਕਰਾ ...'' ਦਿੱਤਾ (ਕੁਲੁੱਸੀਆਂ 1:20)। ਅਫ਼ਸੀਆਂ 2:14-16 ਵਿਚ ਕਿਹਾ ਗਿਆ ਹੈ, ''ਕਿਉਂ ਜੋ ਉਹ ਸਾਡਾ ਮਿਲਾਪ ਹੈ ਜਿਸ ਨੇ ਦੋਹਾਂ ਨੂੰ ਇਕ ਕੀਤਾ ਅਤੇ ਆਪਣੇ ਸਰੀਰ ਵਿਚ ਵੈਰ ਵਿਰੋਧ ਵਾਲੀ ਜੁਦਾਈ ਦੀ ਕੰਧ ਨੂੰ ਢਾਹ ਦਿੱਤਾ ... । ਤਾਂ ਜੋ ਦੋਹਾਂ ਤੋਂ ਆਪ ਵਿਚ ਇਕ ਨਵਾਂ ਇਨਸਾਨ ਰਚ ਕੇ ਮੇਲ ਕਰਾਵੇ। ਅਤੇ ਸਲੀਬ ਦੇ ਰਾਹੀਂ ਵੈਰ ਵਿਰੋਧ ਦਾ ਕੁੱਠਾ ਕਰ ਕੇ ਉਸੇ ਨਾਲ ਦੋਹਾਂ ਨੂੰ ਇਕ ਸਰੀਰ ਬਣਾ ਕੇ ਪ੍ਰਮੇਸ਼ਵਰ ਨਾਲ ਮਿਲਾਵੇ।''

ਜਿੱਥੇ ਆਤਮਿਕ ਭੁੱਖ ਅਤੇ ਗਰੀਬੀ ਵਧੇਰੇ ਹੋਵੇ, ਪ੍ਰਮੇਸ਼ਵਰ ਭਰਪੂਰੀ ਨਾਲ ਛੁਟਕਾਰਾ ਵੀ ਭੇਜਦਾ ਹੈ। ਧਰਮ ਦੇ ਖ਼ਜ਼ਾਨੇ ਸਲੀਬ ਦਿਆਂ ਕਦਮਾਂ ਵਿਚ ਮੁਫ਼ਤ ਲੁਟਾਏ ਜਾਂਦੇ ਹਨ। ਪੌਲੁਸ ਨੇ ਕਿਹਾ ਹੈ, ''ਪਰ ਅਸੀਂ ਸਲੀਬ ਦਿੱਤੇ ਹੋਏ ਮਸੀਹ ਦਾ ਪ੍ਰਚਾਰ ਕਰਦੇ ਹਾਂ ... ।'' (1 ਕੁਰਿੰਥੀਆਂ 1:23)। ਉਸ ਨੇ ਅੱਗੇ ਕਿਹਾ ਕਿ ਸਲੀਬ ਦਿੱਤਾ ਗਿਆ ਮਸੀਹ ਹੀ, ''ਪ੍ਰਮੇਸ਼ਵਰ ਦੀ ਵੱਲੋਂ ਸਾਡੇ ਲਈ ਗਿਆਨ ਅਤੇ ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰਾ ਬਣਾਇਆ ਗਿਆ ਸੀ'' (1 ਕੁਰਿੰਥੀਆਂ 1:30)।

ਬੇਸ਼ਕ, ਪਵਿੱਤਰ ਆਤਮਾ ਮਸੀਹ ਦੀ ਸਲੀਬ ਤੇ ਝੂਮਰ ਅਰਥਾਤ ਬਾਈਬਲ ਦੇ ਮੁੱਖ ਸੰਦੇਸ਼ ਵਾਂਗ ਚਮਕਦਾ ਹੈ।

ਸਲੀਬ ਛੁਟਕਾਰੇ ਨਾਲ ਜੁੜੀਆਂ ਹੋਰ ਸਾਰੀਆਂ ਸੱਚਾਈਆਂ ਨੂੰ ਮਿਲ ਕੇ ਬਣਦੀ ਹੈ, ਇਸ ਲਈ ਉਮੀਦ ਹੋਣੀ ਸੀ ਕਿ ਕਲੀਸੀਆ ਉਸ ਸਲੀਬ ਰੂਪੀ ਝਰਨੇ ਵਿੱਚੋਂ ਚਸ਼ਮੇ ਵਾਂਗ, ਸੂਰਜ ਵਿੱਚੋਂ ਚੰਗਾ ਕਰਨ ਵਾਲੀਆਂ ਕਿਰਨਾਂ ਬਣ ਕੇ ਨਿੱਕਲੇ। ਨਵੇਂ ਨੇਮ ਨੂੰ ਗੌਰ ਨਾਲ ਪੜ੍ਹਨ ਤੇ ਪਤਾ ਲਗਦਾ ਹੈ ਕਿ ਗੱਲ ਕੁਝ ਇਵੇਂ ਹੀ ਹੈ। ਮਸੀਹੀਅਤ ਮਸੀਹ ਅਤੇ ਉਸ ਦੀ ਕਲੀਸੀਆ ਦੇ ਬਿਨਾਂ ਨਹੀਂ ਹੋ ਸਕਦੀ; ਤਰਕਸੰਗਤ ਸੋਚ ਇਹ ਦੱਸਦੀ ਹੈ ਕਿ ਬਿਨਾਂ ਸਿਰ ਦੇ ਕੋਈ ਧੜ ਜ਼ਿੰਦਾ ਨਹੀਂ ਰਹਿ ਸਕਦਾ। ਨਵੇਂ ਨੇਮ ਦੇ ਸੰਦੇਸ਼ ਦੀ ਇਹ ਖ਼ਾਸੀਅਤ ਹੈ ਕਿ ਸਲੀਬ ਅਤੇ ਕਲੀਸੀਆ ਆਪਸ ਵਿਚ ਗੁੱਥੇ ਹੋਏ ਹਨ, ਇਕ ਯੋਜਨਾ ਦੇ ਰੂਪ ਵਿਚ ਜੁੜੇ ਹੋਏ ਹਨ, ਜਿਸ ਨਾਲ ਨਾਸ ਹੋ ਰਹੀ ਮਨੁੱਖ ਜਾਤੀ ਨੂੰ ਪ੍ਰਮੇਸ਼ਵਰ ਦੀ ਕਿਰਪਾ ਦਾ ਦਾਨ ਦਿੱਤਾ ਜਾਵੇ। ਪ੍ਰਮੇਸ਼ਵਰ ਧਰਤੀ ਦੀਆਂ ਸਭ ਕੌਮਾਂ ਵਿੱਚੋਂ, ਸਲੀਬ ਦੇ ਰਾਹੀਂ ਆਪਣੇ ਚੁਣੇ ਹੋਏ ਲੋਕਾਂ ਦਾ ਇਕ ਨਵਾਂ ਪਰਿਵਾਰ ਅਰਥਾਤ ਮਸੀਹ ਵਿਚ ਇਕ ਨਵੀਂ ਦੇਹ ਬਣਾਉਂਦਾ ਹੈ।

ਆਓ ਇਸ ਵਿਚਾਰ ਨੂੰ ਵਿਸਤਾਰ ਦਿੰਦੇ ਹਾਂ: ਕਲੀਸੀਆ ਸਲੀਬ ਨਾਲ ਕਿੰਨੀ ਕੁ ਜੁੜੀ ਹੋਈ ਹੈ? ਸਲੀਬ ਅਤੇ ਕਲੀਸੀਆ ਦਾ ਇਕ ਦੂਜੇ ਨਾਲ ਕੀ ਸਬੰਧ ਹੈ? ਸਲੀਬ ਕਲੀਸੀਆ ਲਈ ਕੀ ਕਰਦੀ ਹੈ?

## ਇਸ ਦੇ ਰਾਹੀਂ ਸਿਰਜੀ ਗਈ

ਪਹਿਲੇ ਤਾਂ ਸਲੀਬ ਨਾਲ ਕਲੀਸੀਆ ਦੀ ਸਿਰਜਣਾ ਹੁੰਦੀ ਹੈ। ਪਾਪੀਆਂ ਦੇ ਛੁਟਕਾਰੇ ਰਾਹੀਂ ਕਲੀਸੀਆ ਦਾ ਜਨਮ ਹੁੰਦਾ ਹੈ। ਜੇ ਸਲੀਬ ਨਾ ਹੁੰਦੀ ਤਾਂ ਕਲੀਸੀਆ ਵੀ ਨਹੀਂ ਹੋਣੀ ਸੀ।

ਜਦ ਕੋਈ ਮਸੀਹ ਨੂੰ ਆਗਿਆਕਾਰੀ ਵਿਸ਼ਵਾਸ ਨਾਲ ਆਪਣਾ ਮੁਕਤੀਦਾਤਾ ਅਤੇ ਪ੍ਰਮੇਸ਼ਵਰ ਦਾ ਪੁੱਤਰ ਮੰਨ ਕੇ ਉਹਦੀ ਗੱਲ ਮੰਨਦਾ ਹੈ, ਤਾਂ ਮਸੀਹ ਦੇ ਲਹੂ ਵਿਚ ਉਸ ਦੇ ਪਾਪ ਧੋਤੇ ਜਾਂਦੇ ਹਨ (ਰਸੂਲਾਂ ਦੇ ਕੰਮ 22:16)। ਉਸ ਧੋਤੇ ਜਾਣ ਦੇ ਨਾਲ ਹੀ, ਉਸ ਨੂੰ ਛੁਟਕਾਰਾ ਪਾਏ ਹੋਇਆਂ ਦੇ ਸਮੂਹ ਅਰਥਾਤ ਬਚਾਏ ਹੋਇਆਂ ਦੇ ਸਮਾਜ ਵਿਚ ਰਲਾ ਲਿਆ ਜਾਂਦਾ ਹੈ ਜਿਸ ਨੂੰ ਨਵੇਂ ਨੇਮ ਵਿਚ ''ਕਲੀਸੀਆ'' ਕਿਹਾ ਗਿਆ ਹੈ। ਇਸੇ ਲਈ, ਪੌਲੁਸ ਯਿਸੂ ਦੇ

ਕਲੀਸੀਆ ਨੂੰ ਆਪਣੇ ਲਹੂ ਨਾਲ ਖਰੀਦਣ ਦੀ ਗੱਲ ਕਹਿ ਸਕਿਆ। ''ਤੁਸੀਂ ਆਪਣੀ, ਨਾਲੇ ਉਸ ਸਾਰੇ ਇੱਜੜ ਦੀ ਖਬਰਦਾਰੀ ਕਰੋ ਜਿਹ ਦੇ ਉੱਤੇ ਪਵਿੱਤਰ ਆਤਮਾ ਨੇ ਤੁਹਾਨੂੰ ਨਿਗਾਹਬਾਨ ਠਹਿਰਾਇਆ ਹੈ ਜੋ ਪ੍ਰਮੇਸ਼ਵਰ ਦੀ ਕਲੀਸੀਆ ਦੀ ਚਰਵਾਹੀ ਕਰੋ ਜਿਹਨੂੰ ਉਸ ਨੇ ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ'' (ਰਸੂਲਾਂ ਦੇ ਕੰਮ 20:28)। ਸਾਫ਼ ਹੈ ਕਿ ਮਸੀਹ ਕਲੀਸੀਆ ਵਾਸਤੇ ਹੀ ਸਲੀਬ ਤੇ ਮਰਿਆ ਸੀ। ਪੌਲੁਸ ਨੇ ਕਿਹਾ, ''ਮਸੀਹ ਨੇ ਵੀ ਕਲੀਸੀਆ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ'' (ਅਫ਼ਸੀਆਂ 5:25)। ਯਿਸੂ ਦੀ ਮੌਤ ਦਾ ਮਕਸਦ ''ਬੁਲਾਏ ਹੋਏ'' ਲੋਕ ਮੁਹੱਈਆ ਕਰਾਉਣਾ ਸੀ ਜੋ ਮਸੀਹ ਨਾਲ ਸੰਗਤੀ ਰੱਖਦੇ ਹੋਏ ਸੰਸਾਰ ਵਿਚ ਰਹਿ ਕੇ ਆਪਣੇ ਆਪ ਨੂੰ ਉਸ ਦੇ ਰੂਹਾਨੀ ਕੰਮ ਵਾਸਤੇ ਦੇਣ। ਪੌਲੁਸ ਨੇ ਤੀਤੁਸ ਨੂੰ ਦੱਸਿਆ ਕਿ ਯਿਸੂ ''ਨੇ ਆਪਣੇ ਆਪ ਨੂੰ ਸਾਡੇ ਲਈ ਦੇ ਦਿੱਤਾ ਭਈ ਸਾਰੇ ਕੁਧਰਮ ਤੋਂ ਸਾਡਾ ਨਿਸਤਾਰਾ ਕਰੇ ਅਤੇ ਖਾਸ ਆਪਣੇ ਲਈ ਇਕ ਕੌਮ ਨੂੰ ਪਾਕ ਕਰੇ ਜੋ ਸ਼ੁਭ ਕਰਮਾਂ ਵਿਚ ਸਰਗਰਮ ਹੋਵੇ'' (ਤੀਤੁਸ 2:14)।

ਦੱਖਣੀ ਆਰਕੈਂਸਾ ਵਿਚ ਇਕ ਇੰਜੀਲੀ ਸਭਾ (ਬੰਦਗੀ) ਦੇ ਬਾਅਦ, ਇਕ ਔਰਤ ਨੇ ਆਣ ਕੇ ਇਸ ਪ੍ਰਚਾਰਕ ਨੂੰ ਇਕ ਬੜੀ ਹੀ ਦਰਦਭਰੀ ਅਤੇ ਦਿਲ ਟੁੰਬਵੀਂ ਕਹਾਣੀ ਸੁਣਾਈ। ਉਸ ਨੇ ਇਕ ਅਜਿਹੀ ਘਟਨਾ ਦੱਸੀ ਜਿਹੜੀ ਉਦੋਂ ਦੀ ਸੀ ਜਦ ਉਹ ਚਾਰ ਸਾਲ ਦੀ ਸੀ ਅਤੇ ਡੈਲਸ, ਟੈਕਸਸ ਵਿਚ ਰਹਿੰਦੀ ਸੀ। ਉਸ ਸਮੇਂ ਉਸ ਦਾ ਪਰਿਵਾਰ ਹਾਈਵੇ ਦੇ ਨੇੜੇ ਰਹਿੰਦਾ ਸੀ ਜਿੱਥੇ ਗੱਡੀਆਂ ਮੋਟਰਾਂ ਦੀ ਬੜੀ ਆਵਾਜਾਈ ਹੁੰਦੀ ਸੀ, ਅਤੇ ਉਨ੍ਹਾਂ ਦੇ ਵਿਹੜੇ ਵਿਚ ਬੱਚਿਆਂ ਦੇ ਖੇਡਣ ਲਈ ਥੋੜ੍ਹੀ ਜਿਹੀ ਜਗ੍ਹਾ ਸੀ। ਇਕ ਸ਼ਾਮ ਉਹ ਅਤੇ ਗੁਆਂਢੀਆਂ ਦੇ ਕੁਝ ਬੱਚੇ ਵਿਹੜੇ ਵਿਚ ਬਾਲ ਖੇਡ ਰਹੇ ਸਨ। ਬਾਲ ਉਸ ਦੇ ਸਿਰ ਉੱਤੋਂ ਦੀ ਲੰਘਦੀ ਹੋਈ ਹਾਈਵੇ ਵੱਲ ਰਿੜ੍ਹਦੀ ਚਲੀ ਗਈ। ਬਗੈਰ ਐਧਰ-ਓੱਧਰ ਵੇਖੇ ਉਹ ਬਾਲ ਲੈਣ ਲਈ ਨੱਸ ਗਈ। ਜਿਵੇਂ ਹੀ ਉਹ ਬਾਲ ਚੁੱਕਣ ਲਈ ਝੁਕੀ, ਹਾਈਵੇ ਤੇ ਇਕ ਵੱਡਾ ਟਰੱਕ ਆਪਣੇ ਵੱਲ ਆਉਂਦਾ ਵੇਖ ਕੇ ਡਰ ਨਾਲ ਸਹਿਮ ਗਈ। ਉਸ ਦੇ ਭਰਾ ਨੇ, ਜੋ ਉਸ ਸਮੇਂ ਨੌਂ ਕੁ ਸਾਲ ਦਾ ਸੀ, ਉਸ ਨੂੰ ਹਾਈਵੇ ਵੱਲ ਦੌੜਦਿਆਂ ਅਤੇ ਟਰੱਕ ਨੂੰ ਆਉਂਦਿਆਂ ਵੇਖ ਲਿਆ ਸੀ। ਉਸ ਨੂੰ ਬਚਾਉਣ ਲਈ ਬਿਜਲੀ ਵਾਂਗ ਉਹਦੇ ਪਿੱਛੇ ਨੱਸਿਆ। ਉਹਨੇ ਟਰੱਕ ਦੇ ਅੱਗਿਓਂ ਦੀ ਬੜੀ ਮੁਸ਼ਕਲ ਨਾਲ ਆਪਣੀ ਜਾਨ ਤੇ ਖੇਡ ਕੇ ਆਪਣੀ ਭੈਣ ਨੂੰ ਪਰੇ ਧੱਕ ਕੇ ਉਸ ਨੂੰ ਮੌਤ ਦੇ ਮੂੰਹੋਂ ਬਚਾ ਲਿਆ। ਮੁੰਡੇ ਕੋਲ ਆਪਣੀ ਭੈਣ ਨੂੰ ਬਚਾਉਣ ਜੋਗਾ ਪਲ ਭਰ ਦਾ ਸਮਾਂ ਕਾਫ਼ੀ ਸੀ, ਪਰ ਐਨਾ ਵਕਤ ਨਹੀਂ ਸੀ ਕਿ ਉਹ ਆਪਣੇ ਆਪ ਨੂੰ ਬਚਾ ਸਕਦਾ। ਟਰੱਕ ਉਹਦੇ ਉੱਤੇ ਆ ਚੜ੍ਹਿਆ ਅਤੇ ਉਹਨੂੰ ਮਿੱਧਦਾ ਹੋਇਆ ਅੱਗੇ ਨਿਕਲ ਗਿਆ।

ਉਸ ਔਰਤ ਨੇ ਦੱਸਿਆ ਕਿ ਉਸ ਨੂੰ ਇਹ ਦਰਦ ਭਰੀ ਘਟਨਾ ਪੂਰੀ ਤਰ੍ਹਾਂ ਤਾਂ ਯਾਦ ਨਹੀਂ, ਪਰ ਐਨਾ ਯਾਦ ਹੈ ਕਿ ਉਸ ਦੇ ਭਰਾ ਦੀ ਮੁਰਦਾ ਦੇਹ ਨੂੰ ਇਕ ਐਂਬੁਲੈਂਸ ਵਿਚ ਪਾ ਕੇ ਲਿਜਾਣ ਤਕ ਕਿਵੇਂ ਸੜਕ ਤੋਂ ਚੁੱਕ ਕੇ ਘਰ ਦੀ ਡਿਉੜ੍ਹੀ ਵਿਚ ਰੱਖਿਆ ਗਿਆ ਸੀ। ਉਸ ਨੇ ਲੰਮਾ ਹੌਕਾ ਭਰਦੇ ਆਪਣੇ ਭਰਾ ਦਾ ਧੰਨਵਾਦ ਕਰਦਿਆਂ ਬੜੀ ਹੀ ਖ਼ਾਸ ਗੱਲ ਕਹੀ, ''ਮੇਰਾ ਭਰਾ ਮੈਨੂੰ ਬਚਾਉਂਦਾ-ਬਚਾਉਂਦਾ ਆਪ ਮਰ ਗਿਆ।'' ਉਹ ਔਰਤ ਇਕ ਵਿਸ਼ਵਾਸੀ ਮਸੀਹੀ ਹੈ, ਪਰ ਅੱਜ ਉਸ ਨੂੰ ਇਹ ਜ਼ਿੰਦਗੀ ਅਤੇ ਕਲੀਸੀਆ ਵਿਚ ਬੰਦਗੀ ਦਾ ਮੌਕਾ ਇਸ ਲਈ ਮਿਲ ਸਕਿਆ ਕਿਉਂਕਿ ਕਈ ਸਾਲ ਪਹਿਲਾਂ ਉਹਦੇ ਭਰਾ ਨੇ ਉਹਦੇ ਲਈ ਆਪਣੀ ਕੁਰਬਾਨੀ ਦਿੱਤੀ।

ਬਿਲਕੁਲ ਇਸੇ ਤਰ੍ਹਾਂ, ਪਰ ਹੋਰ ਵੀ ਗੰਭੀਰ ਢੰਗ ਨਾਲ, ਕਲੀਸੀਆ ਨੂੰ ਜੀਵਨ ਯਿਸੂ ਦੀ ਕੁਰਬਾਨੀ ਦੇ ਕਾਰਣ ਮਿਲਦਾ ਹੈ। ਉਸ ਦੀ ਕੁਰਬਾਨੀ ਨਾਲ ਨਾ ਸਿਰਫ਼ ਸਾਨੂੰ ਜ਼ਿੰਦਗੀ ਵਿਚ

ਪ੍ਰਵੇਸ਼ ਕਰਨ ਦਾ ਮੌਕਾ ਹੀ ਮਿਲਦਾ ਹੈ, ਸਗੋਂ ਉਸ ਨਾਲ ਸਾਨੂੰ ਲਗਾਤਾਰ ਜ਼ਿੰਦਗੀ ਮਿਲਦੀ ਰਹਿੰਦੀ ਹੈ; ਉਸ ਦੀ ਮੌਤ ਸਾਡੇ ਪ੍ਰਾਸ਼ਚਿਤ ਲਈ ਕੁਰਬਾਨੀ ਹੈ, ਜਿਸ ਨਾਲ ਸਾਡੇ ਪਿਛਲੇ ਪਾਪਾਂ ਦੀ ਮਾਫ਼ੀ ਹੁੰਦੀ ਹੈ। ਯਿਸੂ ਇਸ ਸੰਸਾਰ ਵਿਚ ਆਇਆ, ਪ੍ਰਮੇਸ਼ਵਰ-ਮਨੁੱਖ ਬਣ ਕੇ ਸਾਡੇ ਦਰਮਿਆਨ ਰਿਹਾ ਅਤੇ ਉਸ ਨੇ ਆਪਣੀ ਮੌਤ ਰਾਹੀਂ ਆਪਣੇ ਲਈ ''ਪ੍ਰਮੇਸ਼ਵਰ ਦੀ ਖ਼ਾਸ ਪਰਜਾ'' ਨੂੰ ਮੁੱਲ ਲੈ ਲਿਆ (1 ਪਤਰਸ 2:9)। ਕਲੀਸੀਆ (ਚਰਚ) ਇੱਟਾਂ ਅਤੇ ਸੀਮੈਂਟ ਨਾਲ ਬਣੀ ਨਹੀਂ ਸਗੋਂ ਉਸ ਦੇ ਲਹੂ ਨਾਲ ਖ਼ਰੀਦੇ ਹੋਏ ਲੋਕ ਹਨ।

ਮਸੀਹ ਦੀ ਕੁਰਬਾਨੀ ਨੂੰ ਅਸੀਂ ਤਿੰਨ ਤਰ੍ਹਾਂ ਨਾਲ ਕਬੂਲ ਕਰਦੇ ਹਾਂ। ਪਹਿਲਾ, ਮਸੀਹ ਨੇ ਜੋ ਕੁਝ ਸਾਡੇ ਲਈ ਕੀਤਾ ਉਸ ਲਈ ਉਸ ਦਾ ਧੰਨਵਾਦ ਕਰਦਿਆਂ ਅਸੀਂ ਸਲੀਬ ਨੂੰ ਗਲੇ ਲਾਉਂਦੇ ਹਾਂ। ਪ੍ਰਮੇਸ਼ਵਰ ਦਾ ਧੰਨਵਾਦ ਹੋਵੇ ਕਿ ਛੁਟਕਾਰਾ ਪਾਏ ਹੋਏ ਲੋਕ ਮਸੀਹ ਦੀ ਕਿਰਪਾ ਦੇ ਦਾਨ ਨਾਲ ਆਨੰਦਿਤ ਹੁੰਦੇ ਹਨ! ਮਸੀਹ ਕੋਲ ਸਵਰਗੀ ਮਹਿਮਾ ਦੇ ਭਰਪੂਰ ਖਜ਼ਾਨੇ ਸਨ; ਪਰ ਫਿਰ ਵੀ ਸਾਡੀ ਖ਼ਾਤਰ ਸਵਰਗ ਨੂੰ ਛੱਡ ਕੇ ਅਤੇ ਮਨੁੱਖ ਬਣ ਕੇ, ਉਹ ਗ਼ਰੀਬ ਬਣਿਆ ਤਾਂ ਜੋ ਉਸ ਦੇ ਗਰੀਬ ਬਣਨ ਨਾਲ ਅਸੀਂ ਰੂਹਾਨੀ ਤੌਰ ਤੇ ਦੌਲਤਮੰਦ ਹੋ ਸਕੀਏ (2 ਕੁਰਿੰਥੀਆਂ 8:9)। ਦੂਸਰਾ ਸਾਡੇ ਲਈ ਉਹਦੀ ਮੌਤ ਦਾ ਫ਼ਾਇਦਾ ਲੈਣ ਲਈ ਉਸ ਨੂੰ ਸੱਚੇ ਮਨੋਂ ਕਬੂਲ ਕਰਕੇ ਪ੍ਰਭੂ ਮੰਨਣਾ ਜ਼ਰੂਰੀ ਹੈ। ਮਸੀਹ ਵਿਚ ਵਿਸ਼ਵਾਸ ਕਰਕੇ ਉਹਦੀ ਗੱਲ ਮੰਨਣ ਨਾਲ ਹੀ, ਸਾਨੂੰ ਆਪਣੀ ਜ਼ਿੰਦਗੀ ਵਿਚ ਉਸ ਦੀ ਮੌਤ ਦਾ ਫ਼ਾਇਦਾ ਮਿਲਦਾ ਹੈ (ਰੋਮੀਆਂ 6:1-4)। ਉਹ ਹਰ ਮਨੁੱਖ ਲਈ ਮਰਿਆ (ਇਬਰਾਨੀਆਂ 2:9), ਪਰ ਉਹਦੀ ਮੌਤ ਦਾ ਫ਼ਾਇਦਾ ਸਿਰਫ਼ ਉਹ ਹੀ ਚੁੱਕਦੇ ਹਨ, ਜਿਹੜੇ ਉਹਦੀ ਗੱਲ ਮੰਨਦੇ ਹਨ (ਇਬਰਾਨੀਆਂ 5:8, 9)। ਤੀਸਰਾ, ਦਿਲ ਨਾਲ ਸੇਵਾ ਕਰਕੇ ਸਾਨੂੰ ਉਸ ਦੀ ਕੁਰਬਾਨੀ ਨੂੰ ਕਬੂਲ ਕਰਨਾ ਚਾਹੀਦਾ ਹੈ (1 ਕੁਰਿੰਥੀਆਂ 15:58)। ਸਿਰ ਤੋਂ ਪੈਰਾਂ ਤਕ ਭਾਵ ਦੇਹ, ਪ੍ਰਾਣ ਅਤੇ ਆਤਮਾ ਅਸੀਂ ਪੂਰੇ ਦੇ ਪੂਰੇ ਮਸੀਹ ਦੇ ਹਾਂ (1 ਕੁਰਿੰਥੀਆਂ 6:19, 20)। ਇਸੇ ਲਈ, ਇਸ ਸੰਸਾਰ ਵਿਚ ਸਾਡਾ ਕੰਮ ਉਸ ਦੀ ਸੇਵਾ, ਉਸ ਦੀ ਇੱਛਾ ਅਤੇ ਹੁਕਮ ਅਤੇ ਉਸ ਦੇ ਆਨੰਦ ਨੂੰ ਪੂਰਾ ਕਰਨਾ ਹੈ।

## ਇਸ ਦੇ ਰਾਹੀਂ ਸ਼ੁੱਧ ਕੀਤੀ ਗਈ

ਦੂਸਰਾ, ਸਲੀਬ ਕਲੀਸੀਆ ਨੂੰ ਸ਼ੁੱਧ ਕਰਦੀ ਰਹਿੰਦੀ ਹੈ। ਸ਼ੁੱਧ ਕਰਨ ਦੀ ਇਹਦੀ ਸ਼ਕਤੀ ਪ੍ਰਮੇਸ਼ਵਰ ਦੇ ਲੋਕਾਂ ਵਿਚ ਅਤੇ ਉਨ੍ਹਾਂ ਦੇ ਰਾਹੀਂ ਹਰ ਦਿਨ ਵਹਿੰਦੀ ਹੈ। ਬਿਲਕੁਲ ਉਵੇਂ ਜਿਵੇਂ ਸਾਡੀ ਸਰੀਰਕ ਦੇਹ ਵਿਚ ਲਹੂ ਦਾ ਸੰਚਾਰ ਕਰਕੇ ਸਾਨੂੰ ਸ਼ਕਤੀ ਦਿੰਦਾ ਅਤੇ ਸ਼ੁੱਧ ਕਰਦਾ ਹੈ, ਉਵੇਂ ਹੀ ਯਿਸੂ ਦਾ ਕੀਮਤੀ ਲਹੂ ਆਪਣੇ ਲੋਕਾਂ ਵਿਚ ਵਹਿੰਦਾ ਅਤੇ ਉਨ੍ਹਾਂ ਨੂੰ ਜੀਉਣ ਦੀ ਸ਼ਕਤੀ ਦਿੰਦਾ ਹੈ।

ਸਾਨੂੰ ਸਿਰਫ਼ ਬਚਾਏ ਜਾਣ ਦੀ ਹੀ ਨਹੀਂ ਸਗੋਂ ਬਚੇ ਰਹਿਣ ਦੀ ਵੀ ਲੋੜ ਹੈ। ਜਦ ਵੀ ਕੋਈ ਪਾਪੀ ਮਸੀਹ ਦੀ ਖੁਸ਼ਖ਼ਬਰੀ ਨੂੰ ਮੰਨ ਕੇ ਉਸ ਦੇ ਲਹੂ ਵਿਚ ਧੋਤਾ ਜਾਂਦਾ ਹੈ ਅਤੇ ਪ੍ਰਮੇਸ਼ਵਰ ਦੀ ਕਿਰਪਾ ਨਾਲ ਮਸੀਹ ਵਿਚ ਆਉਂਦਾ ਹੈ ਤਾਂ ਕਲੀਸੀਆ ਵਧਦੀ ਹੈ। ਜਦ ਇਕ ਮਸੀਹੀ ਹਰ ਰੋਜ਼ ਰੌਸ਼ਨੀ ਵਿਚ ਚਲਦਾ ਹੈ ਤਾਂ ਉਸ ਨੂੰ ਹਰ ਰੋਜ਼ ਮਸੀਹ ਦੇ ਲਹੂ ਵਿਚ ਧੋਇਆ ਜਾਂਦਾ ਹੈ। ਯੂਹੰਨਾ ਨੇ ਲਿਖਿਆ ਹੈ, ''ਪਰ ਜੇ ਅਸੀਂ ਚਾਨਣ ਵਿਚ ਚੱਲੀਏ ਜਿਵੇਂ ਉਹ ਚਾਨਣ ਵਿਚ ਹੈ ਤਾਂ ਸਾਡੀ ਆਪੋ ਵਿੱਚੀਂ ਸੰਗਤ ਹੈ ਅਤੇ ਉਹ ਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ'' (1 ਯੂਹੰਨਾ 1:7)। ਯੂਹੰਨਾ ਦੁਆਰਾ ਵਰਤਿਆ ''ਸ਼ੁੱਧ ਕਰਦਾ ਹੈ'' ਸ਼ਬਦ ਯੂਨਾਨੀ ਭਾਸ਼ਾ ਵਿਚ ਵਰਤਮਾਨ ਕਾਲ ਵਿਚ ਹੈ, ਜੋ ਇਹ ਸੰਕੇਤ ਦਿੰਦਾ ਹੈ ਕਿ ਇਹ

ਲਗਾਤਾਰ, ਹੁਣ, ਇਸ ਵਕਤ ਵੀ ਧੋ ਰਿਹਾ ਹੈ।

ਬੇਸ਼ੱਕ ਮਸੀਹੀ ਵਿਅਕਤੀ ਪਾਪ ਤੋਂ ਰਹਿਤ ਹੋਣ ਅਤੇ ਹਰ ਰੋਜ਼ ਮਸੀਹ ਵਿਚ ਵਧਣ ਦੀ ਇੱਛਾ ਕਰਦਾ ਹੈ, ਪਰ ਉਹ ਸਿੱਧ ਨਹੀਂ ਹੈ। ਉਹ ਔਗੁਣ ਰਹਿਤ ਨਹੀਂ ਹੈ, ਪਰ ਉਸ ਨੂੰ ਨਿਰਦੋਸ਼ ਹੋਣਾ ਜ਼ਰੂਰੀ ਹੈ। ਪਾਪੀ ਦੇ ਜੀਵਨ ਵਿਚ ਪਾਪ ਦੀ ਹੋਂਦ ਹੀ ਮਸੀਹ ਦੇ ਲਹੂ ਰਾਹੀਂ ਨਜਾਤ ਨੂੰ ਜ਼ਰੂਰੀ ਬਣਾਉਂਦੀ ਹੈ, ਅਤੇ ਸੰਤ ਦੇ ਜੀਵਨ ਵਿਚ ਪਾਇਆ ਜਾਣ ਵਾਲਾ ਪਾਪ ਹੀ ਉਸਨੂੰ ਮਸੀਹ ਦੇ ਲਹੂ ਰਾਹੀਂ ਬਚਾਏ ਜਾਣ ਲਈ ਮਜਬੂਰ ਕਰਦਾ ਹੈ। ਇਸ ਸੰਸਾਰ ਵਿਚ ਸਾਡੀ ਸਭ ਤੋਂ ਵੱਡੀ ਲੋੜ ਮਾਫ਼ੀ ਹੀ ਹੈ।

ਕਿਸੇ ਬੱਚੇ ਨੂੰ ਸਾਈਕਲ ਚਲਾਉਂਦੇ ਵੇਖਣਾ ਬੜਾ ਚੰਗਾ ਲਗਦਾ ਹੈ। ਇਸ ਨਵੀਂ ਕਲਾ ਨੂੰ ਸਿੱਖਣ ਲਈ ਉਸ ਨੂੰ ਖ਼ਾਸ ਤੌਰ ਤੇ ਦੋ ਮੁਸ਼ਕਲਾਂ ਆਉਂਦੀਆਂ ਹਨ: ਸਾਈਕਲ ਤੇ ਬੈਠਣਾ ਅਤੇ ਉਸ ਨੂੰ ਖੜ੍ਹੇ ਰੱਖਣਾ। ਨਜਾਤ ਪਾਉਣ ਜਾਂ ਬਚਾਏ ਜਾਣ ਲਈ ਵੀ ਸਾਈਕਲ ਸਿੱਖਣ ਵਾਂਗ ਹੀ ਦੋ ਕਦਮ ਹੋ ਸਕਦੇ ਹਨ: ਪਾਪੀ ਲਈ ਪਹਿਲਾਂ ਤਾਂ ਇਹ ਜ਼ਰੂਰੀ ਹੈ ਕਿ ਉਹ ਪ੍ਰਮੇਸ਼ਵਰ ਨਾਲ ਸਿੱਧਾ ਹੋਵੇ ਅਤੇ ਫਿਰ ਉਸ ਦੇ ਬਾਅਦ ਸਿੱਧਾ ਖੜਾ ਵੀ ਰਹੇ। ਜਿਸ ਗੱਲ ਨਾਲ ਉਹ ਪਹਿਲਾਂ ਪਾਪੀ ਬਣਿਆ ਸੀ-ਜਿਹੜੀ ਉਸ ਦੀ ਜ਼ਿੰਦਗੀ ਵਿਚ ਪਾਪ ਦਾ ਧੱਬਾ ਸੀ-ਲਗਾਤਾਰ ਸ਼ੁੱਧ ਨਾ ਹੋਣ ਤੇ ਉਹੀ ਗੱਲ ਉਸ ਨੂੰ ਮਸੀਹੀ ਬਣਨ ਦੇ ਬਾਅਦ ਵੀ ਪਾਪੀ ਠਹਿਰਾ ਸਕਦੀ ਹੈ (ਰਸੂਲਾਂ ਦੇ ਕੰਮ 8:22)। ਜੇ ਉਸ ਨੂੰ ਮਸੀਹੀ ਬਣਨ ਤੋਂ ਪਹਿਲਾਂ ਪਾਪਾਂ ਤੋਂ ਬਚਾਏ ਜਾਣ ਦੀ ਲੋੜ ਸੀ, ਤਾਂ ਭਲਾ ਮਸੀਹੀ ਬਣਨ ਦੇ ਬਾਅਦ ਪਾਪਾਂ ਤੋਂ ਬਚਾਏ ਜਾਣ ਦੀ ਲੋੜ ਕਿਉਂ ਨਾ ਹੋਵੇਗੀ?

ਇਕ ਮਸੀਹੀ ਜਦ ਤਕ ''ਚਾਨਣ ਵਿਚ ਚਲਦਾ ਹੈ'' ਉਹ ਬਚਾਇਆ ਜਾ ਸਕਦਾ ਹੈ। ਰਸੂਲ ਯੂਹੰਨਾ ਦੇ ਮੁਤਾਬਕ ਰੌਸ਼ਨੀ ਵਿਚ ਚੱਲਣ ਲਈ ਦੋ ਆਤਮਿਕ ਗੁਣ ਹੋਣੇ ਜ਼ਰੂਰੀ ਹਨ। ਇਸ ਦੀ ਸ਼ੁਰੂਆਤ ਬਚਾਏ ਜਾਣ ਲਈ ਯਿਸੂ ਤੇ ਭਰੋਸਾ ਰੱਖਣ ਨਾਲ ਹੁੰਦੀ ਹੈ: ''ਅਤੇ ਉਹ ਸਾਡੇ ਪਾਪਾਂ ਦਾ ਪ੍ਰਾਸ਼ਚਿਤ ਹੈ ਪਰ ਨਿਰੇ ਸਾਡਿਆਂ ਹੀ ਦਾ ਨਹੀਂ ਸਗੋਂ ਸਾਰੇ ਸੰਸਾਰ ਦਾ ਵੀ ਹੈ'' (1 ਯੂਹੰਨਾ 2:2)। ਸਾਫ਼ ਹੈ ਕਿ ਅਸੀਂ ਆਪਣੀ ਮੁਕਤੀ ਕਮਾ ਨਹੀਂ ਸਕਦੇ (ਅਫ਼ਸੀਆਂ 2:8, 9)। ਯਿਸੂ ਨੇ ਕਿਹਾ ਸੀ ਕਿ ਜੇ ਅਸੀਂ ਵਿਸ਼ਵਾਸ ਨਾਲ ਹੁਕਮ ਮੰਨ ਕੇ ਉਸਨੂੰ ਗ੍ਰਹਿਣ ਕਰਦੇ ਹਾਂ, ਤਾਂ ਉਹ ਸਾਨੂੰ ਬਚਾਵੇਗਾ, ਜੋ ਕੁਝ ਉਸ ਨੇ ਕਰਨ ਲਈ ਕਿਹਾ ਹੈ ਸਾਡੇ ਲਈ ਓਸੇ ਤਰ੍ਹਾਂ ਕਰਨਾ ਜ਼ਰੂਰੀ ਹੈ। ਅਸੀਂ ਵਿਸ਼ਵਾਸ ਨਾਲ ਚਲਦੇ ਹਾਂ, ਨਾ ਕਿ ਵੇਖਣ ਨਾਲ (2 ਕੁਰਿੰਥੀਆਂ 5:7)।

ਰੌਸ਼ਨੀ ਵਿਚ ਚੱਲਣ ਲਈ ਸੱਚੇ ਮਨੋਂ ਉਸ ਦੀ ਇੱਛਾ ਨੂੰ ਪੂਰਾ ਕਰਨਾ ਵੀ ਜ਼ਰੂਰੀ ਹੈ। ਯੂਹੰਨਾ ਨੇ ਲਿਖਿਆ ਹੈ, ''ਪ੍ਰਮੇਸ਼ਵਰ ਦਾ ਪ੍ਰੇਮ ਇਹ ਹੈ ਕਿ ਭਈ ਅਸੀਂ ਉਸ ਦੇ ਹੁਕਮਾਂ ਦੀ ਪਾਲਣਾ ਕਰੀਏ ...'' (1 ਯੂਹੰਨਾ 5:3); ''ਉਹ ਜਿਹੜਾ ਆਖਦਾ ਹੈ ਭਈ ਮੈਂ ਉਹਨੂੰ ਜਾਣਿਆ ਹੈ ਅਤੇ ਉਹ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਦਾ ਸੋ ਝੂਠਾ ਹੈ ਅਤੇ ਸੱਚਿਆਈ ਉਹ ਦੇ ਵਿਚ ਹੈ ਨਹੀਂ। ਪਰ ਜੇ ਕੋਈ ਉਹ ਦੇ ਵਚਨ ਦੀ ਪਾਲਣਾ ਕਰਦਾ ਹੋਵੇ ਉਸ ਵਿਚ ਪ੍ਰਮੇਸ਼ਵਰ ਦਾ ਪ੍ਰੇਮ ਸੱਚੀਂ ਮੁੱਚੀਂ ਸੰਪੂਰਨ ਕੀਤਾ ਹੋਇਆ ਹੈ'' (1 ਯੂਹੰਨਾ 2:4, 5)। ਰੌਸ਼ਨੀ ਵਿਚ ਚੱਲਣ ਦਾ ਅਰਥ ਪ੍ਰਮੇਸ਼ਵਰ ਦੇ ਸਾਹਮਣੇ ਆਪਣੇ ਪਾਪ ਮੰਨ ਕੇ (1 ਯੂਹੰਨਾ 1:9), ਆਪਣੀ ਪੂਰੀ ਕੋਸ਼ਿਸ਼ ਨਾਲ ਆਪਣੇ ਪਾਪਾਂ ਨੂੰ ਸੁਧਾਰ ਕੇ (1 ਯੂਹੰਨਾ 2:29) ਆਪਣੇ ਪਾਪੀ ਹੋਣ ਨੂੰ ਮੰਨ ਲੈਣਾ ਹੈ (1 ਯੂਹੰਨਾ 1:8, 10)। ਇਸ ਦਾ ਅਰਥ ਉਵੇਂ ਹੀ ਚੱਲਣਾ ਜਿਵੇਂ ਉਹ ਚੱਲਦਾ ਸੀ (1 ਯੂਹੰਨਾ 2:6) ਅਤੇ ਈਮਾਨਦਾਰੀ ਨਾਲ ਪ੍ਰਮੇਸ਼ਵਰ ਦੇ ਪ੍ਰਕਾਸ਼ ਬਾਈਬਲ ਦੀ ਗੱਲ ਮੰਨਣਾ ਹੈ (2 ਤਿਮੋਥਿਉਸ 3:16)।

## ਇਸ ਰਾਹੀਂ ਪ੍ਰੇਰਿਤ ਕੀਤੀ ਗਈ

ਤੀਸਰਾ, ਸਲੀਬ ਤੋਂ ਕਲੀਸੀਆ ਨੂੰ ਪ੍ਰੇਰਣਾ ਮਿਲਦੀ ਹੈ ਅਤੇ ਇਹ ਕ੍ਰਿਆਸ਼ੀਲ ਰਹਿੰਦੀ ਹੈ। ਇਹ ਕਲੀਸੀਆ ਦੇ ਮਨ ਵਿਚ ਆਤਮਿਕ ਪ੍ਰੇਰਣਾ ਪਾਉਂਦੀ ਹੈ ਕਿ ਅਸੀਂ ਉਹੋ ਜਿਹੇ ਲੋਕ ਬਣੀਏ ਜਿਹੋ ਜਿਹੇ ਮਸੀਹ ਚਾਹੁੰਦਾ ਹੈ ਅਤੇ ਉਹ ਕੰਮ ਕਰੀਏ ਜਿਹੜੇ ਉਹ ਸਾਥੋਂ ਕਰਾਉਣਾ ਚਾਹੁੰਦਾ ਹੈ ।

ਮਸੀਹੀ ਲੋਕਾਂ ਲਈ ਨਿੱਜੀ ਸ਼ਕਤੀ ਦੇ ਨਾਲ-ਨਾਲ ਲਗਾਤਾਰ ਸ਼ੁੱਧੀ ਵੀ ਜ਼ਰੂਰੀ ਹੈ। ਮਸੀਹੀਅਤ ਭਲਿਆਈ ਦੀ ਪ੍ਰੇਰਣਾ ਦਿੰਦੀ ਹੈ; ਪ੍ਰਮੇਸ਼ਵਰ ਦੀ ਕਿਰਪਾ ਸਭ ਤੋਂ ਵਧ ਕੇ ਹੈ ਅਤੇ ਹਮੇਸ਼ਾ ਰਹਿੰਦੀ ਹੈ। ਸਲੀਬ ਮਸੀਹੀ ਲੋਕਾਂ ਦੀ ਜ਼ਿੰਦਗੀ ਨੂੰ ਚਲਾਉਂਦੀ ਹੈ। ਯਿਸੂ ਨੇ ਕਿਹਾ ਸੀ, ''ਅਰ ਮੈਂ ਜੇ ਧਰਤੀ ਉੱਤੇ ਉੱਚਾ ਕੀਤਾ ਜਾਵਾਂ ਤਾਂ ਸਾਰਿਆਂ ਨੂੰ ਆਪਣੀ ਵੱਲ ਖਿੱਚਾਂਗਾ'' (ਯੂਹੰਨਾ 12:32)। ਪੌਲੁਸ ਨੇ ਲਿਖਿਆ ਹੈ, ''ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ ਇਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ। ਅਤੇ ਉਹ ਸਭਨਾਂ ਦੇ ਲਈ ਮੋਇਆ ਭਈ ਜਿਹੜੇ ਜੀਉਂਦੇ ਹਨ ਉਹ ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹਦੇ ਲਈ ਜੀਉਣ ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ'' (2 ਕੁਰਿੰਥੀਆਂ 5:14,15)।

ਸਲੀਬ ਮਸੀਹੀ ਲੋਕਾਂ ਵਿਚ ਪ੍ਰਮੇਸ਼ਵਰ ਅਤੇ ਇਕ ਦੂਜੇ ਲਈ ਪਿਆਰ ਪੈਦਾ ਕਰਦੀ ਹੈ। ਯੂਹੰਨਾ ਨੇ ਲਿਖਿਆ ਹੈ, ''ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ'' (1 ਯੂਹੰਨਾ 4:19)। ਮਸੀਹੀ ਲੋਕ ਜਦ ਹਰ ਰੋਜ਼ ਉਹਦੇ ਲੋਕਾਂ ਲਈ ਉਹਦੇ ਪ੍ਰੇਮ ਦਾ ਧਿਆਨ ਕਰਦੇ ਹਨ ਤਾਂ ਉਹ ਹੋਰ ਗਹਿਰਾਈ ਨਾਲ ਉਸ ਦੇ ਪ੍ਰੇਮ ਵੱਲ ਖਿੱਚੇ ਜਾਂਦੇ ਹਨ। ਯੂਹੰਨਾ ਨੇ ਅੱਗੇ ਕਿਹਾ ਹੈ, ''ਇਸ ਤੋਂ ਅਸਾਂ ਪ੍ਰੇਮ ਨੂੰ ਜਾਤਾ ਭਈ ਉਹਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ'' (1 ਯੂਹੰਨਾ 3:16)। ਯਿਸੂ ਦੇ ਜੀਵਨ ਦਾ ਕੋਈ ਵੀ ਵਿਚਾਰ ਉਸ ਦੇ ਪ੍ਰੇਮ ਦੀ ਗਹਿਰਾਈ ਅਤੇ ਕਾਇਮੀ ਦੀ ਨਵੀਂ ਅਤੇ ਜਜ਼ਬਾਤੀ ਤਸਵੀਰ ਬਣਾਉਂਦਾ ਹੈ। ਇਨ੍ਹਾਂ ਤਸਵੀਰਾਂ ਤੇ ਵਿਚਾਰ ਮਸੀਹੀ ਲੋਕਾਂ ਨੂੰ ਯਿਸੂ ਲਈ ਅਤੇ ਇਕ-ਦੂਜੇ ਲਈ ਇੱਕੋ ਜਿਹਾ ਪਿਆਰ ਦਿੰਦਾ ਹੈ: ''ਪਰ ਅਸੀਂ ਸਭ ਅਣਕੱਜੇ ਮੁੱਖ ਨਾਲ ਪ੍ਰਭੂ ਦੇ ਤੇਜ ਦਾ ਮਾਨੋ ਸ਼ੀਸ਼ੇ ਵਿਚ ਪ੍ਰਤਿਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਓਸੇ ਰੂਪ ਵਿਚ ਬਦਲਦੇ ਜਾਂਦੇ ਹਾਂ'' (2 ਕੁਰਿੰਥੀਆਂ 3:18)।

ਸਲੀਬ ਮਸੀਹੀ ਲੋਕਾਂ ਅੰਦਰ ਪਾਪ ਵਾਸਤੇ ਨਫ਼ਰਤ ਅਤੇ ਘਿਰਣਾ ਪੈਦਾ ਕਰਦੀ ਹੈ। ਪਾਪ ਦੀ ਬੁਰਾਈ ਅਤੇ ਵਿਨਾਸ਼ ਦੇ ਦੋ ਜ਼ਬਰਦਸਤ ਗਵਾਹ ਕਲਵਰੀ ਅਤੇ ਅਨੰਤ ਵਿਨਾਸ਼ ਦਾ ਅਥਾਹ ਕੁੰਡ ਹਨ। ਜੋ ਆਦਮੀ ਸਲੀਬ ਤੇ ਕਾਰਣ ਅਤੇ ਨਰਕ ਦੀ ਲੋੜ ਨੂੰ ਸਮਝਦਾ ਹੈ, ਉਹ ਇਹ ਬਹਿਸ ਨਹੀਂ ਕਰਦਾ ਕਿ ਪਾਪ ਕਰਨ ਵਿਚ ਕੋਈ ਭਲਾਈ ਹੈ। ਪ੍ਰਮੇਸ਼ਵਰ ਦੀ ਸੰਤਾਨ ਇਹ ਨਹੀਂ ਭੁੱਲ ਸਕਦੀ ਕਿ ਯਰੂਸ਼ਲਮ ਦੇ ਬਾਹਰ ਵਾਰ ਸਲੀਬ ਤੇ ਪ੍ਰਮੇਸ਼ਵਰ ਦੇ ਪੁੱਤਰ ਦੀ ਭਿਆਨਕ ਮੌਤ ਦੇ ਰਾਹੀਂ ਉਸ ਨੂੰ ਛੁਟਕਾਰਾ ਦਵਾਇਆ ਗਿਆ ਹੈ। ਸਰਵਸ਼ਕਤੀਮਾਨ ਪ੍ਰਮੇਸ਼ਵਰ ਪਾਪ ਦਾ ਪ੍ਰਾਸ਼ਚਿਤ (ਮੁੱਲ) ਸਿਰਫ਼ ਆਪਣੇ ਪੁੱਤਰ ਦੀ ਕੁਰਬਾਨੀ ਨਾਲ ਹੀ ਚੁਕਾ ਸਕਦਾ ਸੀ। ਮਹਿੰਗੇ ਸੌਦੇ ਦੀ ਇਹ ਘਟਨਾ ਹਰ ਸੂਝਵਾਨ ਬੰਦੇ ਨੂੰ ਪਾਪ ਛੱਡਣ ਅਤੇ ਉਸ ਤੋਂ ਦੂਰ ਰਹਿਣ ਲਈ ਮਜਬੂਰ ਕਰ ਦੇਵੇਗੀ।

ਸਲੀਬ, ਮਸੀਹੀ ਲੋਕਾਂ ਨੂੰ ਪ੍ਰੇਰਿਤ ਕਰਦੀ ਹੈ ਕਿ ਉਹ ਮਸੀਹ ਦੇ ਮਕਸਦ ਲਈ ਆਪਣੇ

ਆਪ ਨੂੰ ਪੂਰੀ ਤਰ੍ਹਾਂ ਨਾਲ ਦੇ ਦੇਣ। ਇਸ ਵਿਚ ਮਸੀਹੀ ਲੋਕਾਂ ਨੂੰ ਪ੍ਰਮੇਸ਼ਵਰ ਦੀ ਸੇਵਾ ਅਤੇ ਦੂਜੇ ਲੋਕਾਂ ਦੀ ਮਦਦ ਦਾ ਮਕਸਦ ਅਤੇ ਸ਼ਕਤੀ ਮਿਲਦੀ ਹੈ। ਪੌਲੁਸ ਨੇ ਲਿਖਿਆ ਹੈ, ''ਮੈਂ ਯੂਨਾਨੀਆਂ ਅਤੇ ਓਪਰਿਆਂ ਦਾ, ਬੁੱਧਵਾਨਾਂ ਅਤੇ ਨਿਰਬੁੱਧਾਂ ਦਾ ਕਰਜ਼ਦਾਰ ਹਾਂ'' (ਰੋਮੀਆਂ 1:14)। ਉਸ ਨੇ ਅੱਗੇ ਕਿਹਾ, ''ਪਰ ਮੈਂ ਜੋ ਕੁਝ ਹਾਂ ਪ੍ਰਮੇਸ਼ਵਰ ਦੀ ਕਿਰਪਾ ਹੀ ਨਾਲ ਹਾਂ ਅਤੇ ਉਹ ਦੀ ਕਿਰਪਾ ਜੋ ਮੇਰੇ ਉੱਤੇ ਹੋਈ ਸੋ ਅਕਾਰਥ ਨਾ ਹੋਈ ਪਰ ਮੈਂ ਉਨ੍ਹਾਂ ਸਭਨਾਂ ਨਾਲੋਂ ਵਧੀਕ ਮਿਹਨਤ ਕੀਤੀ ਪਰੰਤੂ ਮੈਂ ਤਾਂ ਨਹੀਂ ਸਗੋਂ ਪ੍ਰਮੇਸ਼ਵਰ ਦੀ ਕਿਰਪਾ ਨੇ ਜੋ ਮੇਰੇ ਨਾਲ ਸੀ'' (1 ਕੁਰਿੰਥੀਆਂ 15:10)। ਕਿਸੇ ਵੀ ਮਸੀਹੀ ਨੂੰ ਮਸੀਹ ਦਾ ਕੰਮ ਕਰਨ ਲਈ ਓਨੀ ਕੁ ਹੀ ਪ੍ਰੇਰਣਾ ਮਿਲ ਸਕਦੀ ਜਿੰਨਾ ਕੁ ਉਹ ਸਮਝੇ ਕਿ ਸਲੀਬ ਉੱਤੇ ਉਹਦੇ ਲਈ ਕੀ ਕੀਤਾ ਹੈ, ਉਸ ਦਾ ਸ਼ੁਕਰਗੁਜਾਰ ਹੁੰਦਾ ਹੈ।

ਮਸੀਹ ਦੀ ਕਲੀਸੀਆ ਆਪਣੇ ਪ੍ਰਭੂ ਦੇ ਹੁਕਮਾਂ ਦਾ ਬੜੀ ਚੌਕਸੀ ਨਾਲ ਪਾਲਣ ਕਰਦੀ ਹੈ। ਉਹ ਉਹਦੀ ਇੱਛਾ ਅਤੇ ਯੋਜਨਾਵਾਂ ਨੂੰ ਪੂਰਾ ਕਰਦੀ ਹੈ, ਉਸ ਦੇ ਪ੍ਰੇਮ ਅਤੇ ਕਿਰਪਾ ਦੀ ਅੰਦਰੂਨੀ ਪ੍ਰੇਰਣਾ ਦੇ ਕਾਰਣ ਉਸ ਨੂੰ ਹੁਕਮ ਅੰਦਰ ਬਣੇ ਰਹਿਣਾ ਔਖਾ ਨਹੀਂ ਲਗਦਾ। ''ਕਿਉਂ ਜੋ ਪ੍ਰਮੇਸ਼ਵਰ ਦਾ ਪ੍ਰੇਮ ਇਹ ਹੈ ਭਈ ਅਸੀਂ ਉਸ ਦੇ ਹੁਕਮਾਂ ਦੀ ਪਾਲਨਾ ਕਰੀਏ, ਅਤੇ ਉਸ ਦੇ ਹੁਕਮ ਔਖੇ ਨਹੀਂ ਹਨ'' (1 ਯੂਹੰਨਾ 5:3)।

ਜੋ ਕੁਝ ਮਸੀਹ ਨੇ ਤੁਹਾਡੇ ਲਈ ਕੀਤਾ ਹੈ, ਉਸ ਨੂੰ ਮਨ ਵਿਚ ਰੱਖੋ, ਜੋ ਕੁਰਬਾਨੀ ਉਸ ਨੇ ਤੁਹਾਡੇ ਲਈ ਦਿੱਤੀ ਹੈ, ਉਸ ਨੂੰ ਹਰ ਰੋਜ਼ ਯਾਦ ਰੱਖੋ। ਬਚਾਏ ਜਾਣ ਲਈ ਉਸ ਦੇ ਦਾਨ ਤੇ ਸੰਜੀਦਗੀ ਨਾਲ ਕੀਤਾ ਗਿਆ ਇਹ ਵਿਚਾਰ ਤੁਹਾਨੂੰ ਰੋਜ਼-ਬ-ਰੋਜ਼ ਉਹਦੇ ਸਰੂਪ 'ਚ ਬਦਲ ਕੇ, ਉਸ ਦੀ ਕਿਰਪਾ ਦੇ ਰਾਜ ਵਿਚ ਪ੍ਰੇਮ ਦੀ ਮਜ਼ਦੂਰੀ ਲਈ ਪ੍ਰੇਰਿਤ ਕਰਦੇ ਰਹਿਣਗੇ।

## ਸਾਰ

ਪ੍ਰਮੇਸ਼ਵਰ ਦੀ ਯੋਜਨਾ ਨਾਲ, ਕਲੀਸੀਆ ਅਤੇ ਸਲੀਬ ਇਕ ਦੂਜੇ ਨਾਲ ਬੱਝੇ ਹੋਏ ਹਨ। ਕਲੀਸੀਆ ਸਲੀਬ ਦੇ ਰਾਹੀਂ ਬਣਦੀ, ਸ਼ੁੱਧ ਹੁੰਦੀ ਅਤੇ ਪ੍ਰੇਰਿਤ ਹੁੰਦੀ ਹੈ।

ਜਦ ਯਿਸੂ ਸਲੀਬ ਤੇ ਦੁੱਖ ਝੱਲ ਰਿਹਾ ਸੀ, ਤਾਂ ਆਸ-ਪਾਸ ਬੇਕਾਬੂ ਹੋਈ ਭੀੜ ਵੱਲੋਂ ਮਜ਼ਾਕ ਨਾਲ ਕੀਤੇ ਗਏ ਸਵਾਲਾਂ ਵਿੱਚੋਂ ਦੋ ਹੀ ਸਵਾਲ ਸਨ ''ਉਹ ਆਪਣੇ ਆਪ ਨੂੰ ਕਿਉਂ ਨਹੀਂ ਬਚਾਉਂਦਾ'' ਅਤੇ ''ਪ੍ਰਮੇਸ਼ਵਰ ਉਸ ਨੂੰ ਕਿਉਂ ਨਹੀਂ ਬਚਾਉਂਦਾ?'' (ਵੇਖੋ ਮੱਤੀ 27:39-43)। ਭੀੜ ਨੂੰ ਜ਼ਰਾ ਵੀ ਅਹਿਸਾਸ ਨਹੀਂ ਸੀ ਕਿ ਉਹ ਪ੍ਰਮੇਸ਼ਵਰ ਦੇ ਮਕਸਦ ਦੀ ਬੁਨਿਆਦ ਤੇ ਵਾਰ ਕਰ ਰਹੇ ਹਨ। ਜੇ ਯਿਸੂ ਆਪਣੇ ਆਪ ਨੂੰ ਬਚਾ ਲੈਂਦਾ, ਜਾਂ ਪ੍ਰਮੇਸ਼ਵਰ ਉਸ ਨੂੰ ਸਲੀਬੀ ਮੌਤ ਤੋਂ ਛੁਡਾ ਲੈਂਦਾ ਤਾਂ ਕਲੀਸੀਆ ਦਾ ਹੋਣਾ ਤਾਂ ਨਾਮੁਮਕਿਨ ਹੋ ਜਾਂਦਾ; ਕਿਉਂਕਿ ਕਲੀਸੀਆ ਉਨ੍ਹਾਂ ਲੋਕਾਂ ਨਾਲ ਹੀ ਬਣੀ ਹੈ, ਜਿਨ੍ਹਾਂ ਦੇ ਪਾਪ ਸਲੀਬ ਦੇ ਰਾਹੀਂ ਮਾਫ਼ ਕੀਤੇ ਗਏ ਹਨ, ਅਤੇ ਉਨ੍ਹਾਂ ਨੂੰ ਹਰ ਰੋਜ਼ ਸਲੀਬ ਦੇ ਰਾਹੀਂ ਸ਼ੁੱਧ ਅਤੇ ਪਵਿੱਤਰ ਕੀਤਾ ਜਾਂਦਾ ਹੈ। ਹੋਰ ਤਾਂ ਹੋਰ, ਸਲੀਬ ਦੇ ਬਗੈਰ, ਕਲੀਸੀਆ ਇਵੇਂ ਹੁੰਦੀ ਜਿਵੇਂ ਉਸ ਦਾ ਜੀਵਨ ਅੰਦਰੂਨੀ ਪ੍ਰੇਰਣਾ ਤੋਂ ਰਹਿਤ ਹੋਵੇ। ਕਿਉਂਕਿ ਸਲੀਬ ਦੇ ਰਾਹੀਂ ਕਲੀਸੀਆ ਪ੍ਰਮੇਸ਼ਵਰ ਦੀ ਹੋਣ ਲਈ ਅਤੇ ਪ੍ਰਮੇਸ਼ਵਰ ਦੇ ਢੰਗ ਨਾਲ ਪ੍ਰਮੇਸ਼ਵਰ ਦਾ ਕੰਮ ਕਰਨ ਲਈ ਪ੍ਰੇਰਿਤ ਹੁੰਦੀ ਹੈ।

ਜੇ ਤੁਸੀਂ ਮਸੀਹ ਦੀ ਕਲੀਸੀਆ ਤੋਂ ਬਾਹਰ ਹੋ ਤਾਂ ਇਸ ਵਿਚ ਆਉਣ ਦੀ ਛੇਤੀ ਕਰੋ, ਕਿਉਂਕਿ ਕਲੀਸੀਆ ਵਿਚ ਹੀ ਤੁਹਾਨੂੰ ਸਲੀਬ ਦੇ ਸਾਰੇ ਲਾਭ ਮਿਲ ਸਕਦੇ ਹਨ, ਕਲੀਸੀਆ ਲੋਕਾਂ ਦੀ ਜਮਾਤ ਤੋਂ ਇਲਾਵਾ ਹੋਰ ਕੁਝ ਨਹੀਂ ਹੈ ਜਿਨ੍ਹਾਂ ਨੂੰ ਮਸੀਹ ਦੇ ਲਹੂ ਨਾਲ ਛੁਡਾਇਆ

ਗਿਆ ਅਤੇ ਉਹ ਪ੍ਰਮੇਸ਼ਵਰ ਦੀ ਸੰਤਾਨ ਦੇ ਰੂਪ ਵਿਚ ਰਹਿ ਰਹੇ ਹਨ।

ਦੁਨੀਆਂ ਦਾ ਹਰ ਸ਼ਖ਼ਸ ਪ੍ਰਮੇਸ਼ਵਰ ਦੇ ਰਹਿਮ ਨਾਲ ਜੀਉਂਦਾ ਹੈ। ਉਹ ਸਾਨੂੰ ਸਾਹ ਲੈਣ ਲਈ ਹਵਾ, ਪੀਣ ਲਈ ਪਾਣੀ, ਰਹਿਣ ਲਈ ਘਰ, ਅਨੰਦ ਕਰਨ ਲਈ ਪਰਵਾਰਿਕ ਰਿਸ਼ਤੇ ਅਤੇ ਹੋਰ ਅਣਗਿਣਤ ਫ਼ਾਇਦੇ ਦਿੰਦਾ ਹੈ। ਪ੍ਰਮੇਸ਼ਵਰ ਦੇ ਹਰ ਉਪਕਾਰ ਨੂੰ ਇਕ-ਇਕ ਕਰਕੇ ਦੱਸਣਾ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਯਕੀਨਨ ਹੀ ਉਹਦੀ ਸਭ ਤੋਂ ਵੱਡੀ ਕਿਰਪਾ ਉਹ ਨਜਾਤ ਹੈ ਜਿਹੜੀ ਉਹ ਮਸੀਹ ਦੇ ਰਾਹੀਂ ਸਾਨੂੰ ਦਿੰਦਾ ਹੈ। ਇਸ ਵਿਚ ਪ੍ਰਮੇਸ਼ਵਰ ਨੂੰ ਸਭ ਤੋਂ ਵੱਡੀ ਕੀਮਤ ਚੁਕਾਉਣੀ ਪਈ, ਅਤੇ ਜਿਹੜੇ ਪਾਪੀ ਇਸ ਨੂੰ ਪਾ ਲੈਂਦੇ ਹਨ ਉਨ੍ਹਾਂ ਨੂੰ ਸਭ ਤੋਂ ਵੱਡਾ ਲਾਭਾਂਸ਼ ਮਿਲਦਾ ਹੈ।

ਬਹੁਤ ਸਾਰੇ ਲੋਕਾਂ ਨੇ ਪ੍ਰਮੇਸ਼ਵਰ ਦੇ ਰਹਿਮ ਭਰੇ ਹੱਥ ਤੋਂ ਦੁਨਿਆਵੀ ਬਰਕਤਾਂ ਤਾਂ ਪਾਈਆਂ ਹਨ ਪਰ ਉਨ੍ਹਾਂ ਨੇ ਉਸ ਦੀ ਨਜਾਤ ਨੂੰ ਨਹੀਂ ਪਾਇਆ ਹੈ। ਕੀ ਤੁਸੀਂ ਵੀ ਉਨ੍ਹਾਂ ਲੋਕਾਂ ਵਿੱਚੋਂ ਹੋ? ਮਸੀਹ ਵਿਚ ਵਿਸ਼ਵਾਸ ਲਿਆ ਕੇ (ਰੋਮੀਆਂ 10:10), ਪਾਪ ਤੋਂ ਤੌਬਾ ਕਰਕੇ (ਰਸੂਲਾਂ ਦੇ ਕੰਮ 11:18), ਮਸੀਹ ਦੇ ਪ੍ਰਮੇਸ਼ਵਰ ਦਾ ਪੁੱਤਰ ਹੋਣ ਨੂੰ ਮੰਨ ਕੇ (ਰੋਮੀਆਂ 10:10), ਅਤੇ ਮਸੀਹ ਵਿਚ ਬਪਤਿਸਮਾ ਲੈ ਕੇ (ਗਲਾਤੀਆਂ 3:27), ਤੁਸੀਂ ਮਸੀਹ ਦੀ ਦੇਹ ਵਿਚ ਸ਼ਾਮਲ ਹੋ ਸਕਦੇ ਹੋ (1 ਕੁਰਿੰਥੀਆਂ 12:13), ਜਿੱਥੇ ਉਹਦੀ ਕਿਰਪਾ ਹੈ। ਇਸ ਤਰ੍ਹਾਂ ਤੁਸੀਂ ਉਹਦੇ ਅਨੰਤ ਜੀਵਨ ਨੂੰ ਪਾ ਸਕਦੇ ਹੋ। ਪੌਲੁਸ ਨੇ ਕਿਹਾ ਸੀ, ''ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਵਿਚ ਬਪਤਿਸਮਾ ਲਿਆ ਉਨ੍ਹਾਂ ਨੇ ਉਹਦੀ ਮੌਤ ਦਾ ਬਪਤਿਸਮਾ ਲਿਆ?'' (ਰੋਮੀਆਂ 6:3); ''ਜਿਹ ਦੇ ਵਿਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ। ਜਿਸ ਕਿਰਪਾ ਨੂੰ ਉਹ ਨੇ ਸਾਰੇ ਗਿਆਨ ਅਤੇ ਬੁੱਧ ਨਾਲ ਸਾਨੂੰ ਚੋਖਾ ਦਿੱਤਾ'' (ਅਫ਼ਸੀਆਂ 1:7, 8)।

ਆਪਣੀ ਸਲੀਬ ਦੇ ਰਾਹੀਂ, ਯਿਸੂ ਮਾਫ਼ੀ ਅਤੇ ਜ਼ਿੰਦਗੀ ਲਈ ਜੋ ਉਸ ਦੀ ਦੇਹ ਅਰਥਾਤ ਕਲੀਸੀਆ 'ਚ ਮਿਲਦੀ ਹੈ, ਤੁਹਾਨੂੰ ਸੱਦਾ ਦਿੰਦਾ ਹੈ। ਤੁਸੀਂ ਉਸ ਦੇ ਸੱਦੇ ਨੂੰ ਕਬੂਲ ਕਰੋਗੇ?

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ਬਾਈਬਲ ਦੀ ਕਹਾਣੀ ਦਾ ਸਾਰ ਕੀ ਹੈ?
2. ਮਸੀਹੀਅਤ ਵਿਚ ਕਿਹੜੀ ਗੱਲ ਹੈ ਜੋ ਕਿਸੇ ਹੋਰ ਧਰਮ ਵਿਚ ਨਹੀਂ ਮਿਲਦੀ?
3. ਸਮਝਾਓ ਕਿ ਮਸੀਹੀਅਤ ਕਲੀਸੀਆ ਰਹਿਤ ਕਿਉਂ ਨਹੀਂ ਹੋ ਸਕਦੀ?
4. ਸਲੀਬ ਕਲੀਸੀਆ ਲਈ ਕਿਹੜੇ ਤਿੰਨ ਕੰਮ ਕਰਦੀ ਹੈ?
5. ਕਈਆਂ ਨੇ ਦੁਨਿਆਵੀ ਬਰਕਤਾਂ ਪਾ ਕੇ ਉਸ ਵਿਚ ਪ੍ਰਮੇਸ਼ਵਰ ਦੇ ਰਹਿਮ ਦਾ ਹੱਥ ਵੇਖਿਆ ਹੈ ਪਰ ਉਸ ਦੀ ਨਜਾਤ ਦਾ ਦਾਨ ਨਹੀਂ ਪਾਇਆ। ਤੁਸੀਂ ਮਸੀਹ ਦੀ ਦੇਹ ਵਿਚ ਕਿਵੇਂ ਸ਼ਾਮਲ ਹੋ ਸਕਦੇ ਹੋ?
6. ਆਪਣੀ ਸਲੀਬ ਦੇ ਰਾਹੀਂ, ਯਿਸੂ ਤੁਹਾਨੂੰ ਕਿਹੜੀਆਂ ਦੋ ਬਰਕਤਾਂ ਪਾਉਣ ਲਈ ਸੱਦਾ ਦਿੰਦਾ ਹੈ?
7. ਯਿਸੂ ਦੀ ਦੇਹ ਤਦ ਬਣਦੀ ਹੈ ਜਦ ਉਸ ਕੋਲ ਆਉਣ ਵਾਲੇ ਲੋਕਾਂ ਨੂੰ ਮਾਫ਼ੀ ਅਤੇ ਜ਼ਿੰਦਗੀ ਮਿਲ ਜਾਵੇ। ਇਸ ਦੇਹ ਨੂੰ ਕੀ ਆਖਦੇ ਹਨ?

# ਸ਼ਬਦਾਂ ਦੇ ਅਰਥ

**ਕਲੀਸੀਆ ਦਾ ਸਿਰ**-ਯਿਸੂ ਮਸੀਹ (ਅਫ਼ਸੀਆਂ 1:22, 23)।

**ਮੁੱਲ ਲਿਆ**-ਖ਼ਰੀਦਿਆ। ਜਦ ਅਸੀਂ ਆਖਦੇ ਹਾਂ ਕਿ ਮਸੀਹੀ ਲੋਕਾਂ ਨੂੰ ''ਮਸੀਹ ਦੇ ਲਹੂ ਨਾਲ ਮੁੱਲ ਲਿਆ ਗਿਆ ਹੈ'' ਤਾਂ ਇਸ ਦਾ ਮਤਲਬ ਇਹ ਹੈ ਕਿ ਸਾਡੇ ਪਾਪਾਂ ਲਈ ਯਿਸੂ ਦੀ ਸਲੀਬ ਤੇ ਮੌਤ ਹੋਈ।

**ਮੇਲ**-ਵਾਪਸ ਲਿਆਉਣਾ। ਟੁੱਟੇ ਸਬੰਧ ਜੋੜਨਾ। ਪ੍ਰਮੇਸ਼ਵਰ ਨਾਲ ਸਾਡਾ ਮੇਲ ਯਿਸੂ ਮਸੀਹ ਦੇ ਰਾਹੀਂ ਹੁੰਦਾ ਹੈ।

**ਪਵਿੱਤਰਤਾ**-ਪ੍ਰਮੇਸ਼ਵਰ ਦੇ ਖ਼ਾਸ ਮਕਸਦ ਲਈ ''ਅਲੱਗ ਹੋਣਾ।''

**ਬਦਲਣਾ**-ਮਸੀਹੀ ਵਿਅਕਤੀ ਦਾ ਯਿਸੂ ਦੇ ਸਰੂਪ ਵਿਚ ਨਵਾਂ ਸੁਭਾਅ ਅਪਨਾਉਣ ਲਈ ਬਦਲਣਾ। ਰੋਮੀਆਂ 12:2 ਵਿਚ ਕਿਹਾ ਗਿਆ ਹੈ, ''ਅਤੇ ਇਸ ਯੁੱਗ ਦੇ ਰੂਪ ਜਿਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿਚ ਬਦਲਦੇ ਜਾਓ, ਤਾਂ ਜੋ ਤੁਸੀਂ ਸਿਆਣ ਲਵੋ ਭਈ ਪ੍ਰਮੇਸ਼ਵਰ ਦੀ ਚੰਗੀ ਅਤੇ ਮਨ ਭਾਉਂਦੀ ਪੂਰੀ ਇੱਛਾ ਕੀ ਹੈ।''

---

ਟਿੱਪਣੀਆਂ

[1]ਹੈਨਰੀ ਸੀ. ਥਿਅਸਨ, ਲੈਕਚਰਜ਼ ਇਨ ਸਿਸਟੇਮੈਟਿਕ ਥਿਓਲੋਜੀ (ਗ੍ਰੈਂਡ ਰੈਪਿਡਜ਼, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1949), 313. [2]ਆਰ. ਏ. ਟੋਰੇ, *ਵ੍ਹਟ ਦਾ ਬਾਈਬਲ ਟੀਚਸ* (ਨਿਊ ਯਾਰਕ: ਫ਼ਲੇਮਿੰਗ ਐਚ. ਰੇਵਲ ਕੰ., 1898), 144.